## ਸ਼ੇਖ ਫ਼ਰੀਦ - ਸਬਦ ੧੦
## ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥

**ਸਾਰ:** ਸੂਝਵਾਨ ਅਤੇ ਨਿਮਰ ਦੂਜਿਆਂ ਬਾਰੇ ਕੋਈ ਨਿਰਣਾ ਦੇਣ ਜਾਂ ਆਲੋਚਨਾ ਕਰਨ ਤੋਂ ਪਰਹੇਜ਼ ਕਰਦੇ ਹਨ। ਉਹ ਸਮਝਦੇ ਹਨ ਕਿ, ਭਾਵੇਂ ਇਹ ਪਹੁੰਚ ਚੁਣੌਤੀਪੂਰਨ ਹੈ, ਪਰ ਇਹ ਨਿੱਜੀ ਅਤੇ ਸਮਾਜਿਕ ਦੋਨਾਂ ਪੱਧਰਾਂ ਉਪਰ ਤਾਕਤਵਰ ਬਣਾਉਣ ਵਾਲੀ ਹੋ ਸਕਦੀ ਹੈ। ਜਿੰਨਾ ਬਿਹਤਰ ਅਸੀਂ ਆਪਣੇ ਆਪ ਨੂੰ ਜਾਣਦੇ ਹੋਏ, ਅਤੇ ਗਲੇ ਲਗਾਉਂਦੇ ਹਾਂ, ਓਨਾ ਹੀ ਜ਼ਿਆਦਾ ਅਸੀਂ ਦੂਜਿਆਂ ਨੂੰ ਸਵੀਕਾਰ ਕਰਨ ਅਤੇ ਪੁਖਤਾ ਸਬੰਧਾਂ ਦਾ ਮਾਹੌਲ ਸਿਰਜਣ ਲਈ ਉਤਸ਼ਾਹਿਤ ਕਰ ਸਕਦੇ ਹਾਂ, ਜਿਸ ਨਾਲ ਇੱਕ ਵਧੇਰੇ ਖ਼ੁਸਹਾਲ ਅਤੇ ਦਿਆਲਤਾ ਭਰਿਆ ਸੰਸਾਰ ਸਿਰਜਿਆ ਜਾ ਸਕਦਾ ਹੈ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਫਰੀਦ ਕਹਿੰਦੇ ਹਨ, ਜੇ ਤੁਸੀਂ ਸੂਝਵਾਨ ਹੋ ਤਾਂ ਕਾਲੇ ਨਾਂਹ-ਪੱਖੀ ਸ਼ਬਦ ਨਾ ਲਿਖੋ। ਇਸਦਾ ਮਤਲਬ ਹੈ ਕਿ ਜੇ ਤੁਸੀਂ ਬੁੱਧੀਮਾਨ ਅਤੇ ਨਿਮਰ ਹੋ, ਤਾਂ ਦੂਜਿਆਂ ਬਾਰੇ ਨਿਰਣਾ ਕਰਨ ਤੋਂ ਪਰਹੇਜ਼ ਕਰੋ।

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥
ਇਸ ਦੀ ਬਜਾਏ, ਨਿਮਰਤਾ ਨਾਲ ਆਪਣੇ ਅੰਦਰ ਝਾਤ ਮਾਰੋ। (੬)

**ਤੱਤ:** ਸ਼ੇਖ ਫ਼ਰੀਦ ਸਵੈ-ਚਿੰਤਨ ਅਤੇ ਸਵੈ-ਜਾਗਰੂਕਤਾ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ, ਕਿਸੇ ਨੂੰ ਦੂਜਿਆਂ ਬਾਰੇ ਨਿਰਣਾ ਕਰਨ ਤੋਂ ਪਹਿਲਾਂ ਆਪਣੀਆਂ ਖਾਮੀਆਂ ਅਤੇ ਕਮੀਆਂ ਨੂੰ ਪੜਚੋਲਣ ਦੀ ਤਾਕੀਦ ਕਰਦੇ ਹਨ। ਉਨ੍ਹਾਂ ਦੀ ਇਹ ਪ੍ਰੇਰਣਾ ਸਾਨੂੰ ਉਸ ਕਹਾਵਤ ਦੀ ਯਾਦ ਦਿਵਾਉਂਦੀ ਹੈ ਕਿ ਜਦੋਂ ਅਸੀਂ ਕਿਸੇ ਹੋਰ ਵੱਲ ਉਂਗਲ ਚੁਕਦੇ ਹਾਂ, ਤਾਂ ਤਿੰਨ ਉਂਗਲਾਂ ਸਾਡੇ ਆਪਣੇ ਵੱਲ ਹੁੰਦੀਆਂ ਹਨ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**